# ਝੀਲੇ

ਗਹਿਰੀਏ ਤੇ ਸ਼ਾਤ ਬੈਠੀ ਝੀਲੇ,
ਨੀ ਦੱਸ ਕਿਹੜਾ ਰੋਗ ਲੱਗਿਆ,
ਕਿਵੇਂ ਹੋ ਗਏ ਪਾਣੀ ਤੇਰੇ ਨੀਲੇ,
ਨੀ ਦੱਸ ਕੀ ਵਿਜੋਗ ਲੱਗਿਆ,
ਹੋ ਵੇਲਾ ਕੱਟ ਲੈ ਤੂੰ ਕਿਸੇ ਵੀ ਵਸੀਲੇ,
ਹਾਂ ਨੀ ਚੱਲੀ ਚੱਲ ਕਿਸੇ ਵੀ ਵਸੀਲੇ,
ਕਿ ਐਦਾਂ ਨਈਉ ਦਿੱਲ ਛੱਡੀਦਾ,
ਆਪੇ ਰੱਬ ਕਰੂ ਕੋਈ ਹੀਲੇ,
ਕਿ ਉਹਨੂੰ ਨਈ ਦਿਨਾਂ ਚੋਂ ਕੱਢੀਦਾ,
ਗਹਿਰੀਏ ਤੇ ਸ਼ਾਤ ਬੈਠੀ ਝੀਲੇ,
ਨੀ ਦੱਸ ਕਿਹੜਾ ਰੋਗ ਲੱਗਿਆ।

ਹਾਲੇ ਜੋਬਨ ਨੇ ਸਜਰੇ ਸੰਜੀਲੇ,
ਤੂੰ ਰੁੱਤਾਂ ਨੂੰ ਤਾਂ ਮਾਣ ਭੈੜੀਏ,
ਐਵੇਂ ਗਾਈ ਜਾਵੇਂ ਗੀਤ ਦਰਦੀਲੇ,
ਤੂੰ ਬੈਠੀ ਅਣਜਾਣ ਭੈੜੀਏ,
ਹੋ,
ਤੇਰੇ ਕੰਢੇ ਬੈਠੇ ਰੁੱਖ ਹੋ ਗਏ ਪੀਲੇ,
ਤੂੰ ਇਹਨਾਂ ਬਾਰੇ ਸੋਚ ਕੁਝ ਤਾਂ,
ਜੜੀ ਪਾਣੀ ਪੈ ਗਏ ਨੇ ਨਸ਼ੀਲੇ,
ਤੂੰ ਇਹਨਾਂ ਦਾ ਇਲਾਜ ਬੁੱਝ ਤਾਂ,
ਗਹਿਰੀਏ ਤੇ ਸ਼ਾਤ ਬੈਠੀ ਝੀਲੇ,
ਨੀ ਦੱਸ ਕਿਹੜਾ ਰੋਗ ਲੱਗਿਆ।

ਨੀ ਤੂੰ ਹੌਂਕੇ ਲਵੇਂ ਲੰਬੇ ਕਈ ਮੀਲੇ,
ਕਿ ਮੂੰਹੋਂ ਬੋਲ ਕੇ ਵੀ ਦੱਸਦੇ,
ਕਿਵੇਂ ਹੋ ਗਏ ਖ਼ਾਬ ਤੀਲੇ - ਤੀਲੇ,
ਤੂੰ ਦਿਲੋਂ ਖੋਲ੍ਹ ਕੇ ਵੀ ਦੱਸਦੇ,
ਤੇਰੀ ਚੁੱਪ ਦੇ ਹੁੰਘਾਰੇ ਬੇ- ਦਲੀਲੇ,
ਨੀ ਅਸੀਂ ਦੱਸ ਕੀ ਬੁੱਝੀਏ,
ਉਦਾਸੀਆਂ ਖਿਆਲ ਸਾਡੇ ਕੀਲੇ,
ਨੀ ਅਸੀਂ ਦੱਸ ਕੀ ਬੁੱਝੀਏ,
ਗਹਿਰੀਏ ਤੇ ਸ਼ਾਤ ਬੈਠੀ ਝੀਲੇ,
ਨੀ ਦੱਸ ਕਿਹੜਾ ਰੋਗ ਲੱਗਿਆ।

ਤੇਰੇ ਸੰਗ ਦੇਖ ਬੇਲੀ ਅਣਖੀਲੇ,
ਤੂੰ ਐਵੇਂ ਦਿਲੋਂ ਹਾਰ ਬੈਠੀ ਏ,
ਬਸ ਲੋਚਦੇ ਨੇ ਬੋਲ ਦੋ ਰਸੀਲੇ,
ਤੂੰ ਲਫ਼ਜ਼ ਵਿਸਾਰ ਬੈਠੀ ਏ,
ਕਾਤੋਂ ਵੱਸ ਗਈ ਏ ਗਮਾਂ ਦੇ ਕਬੀਲੇ,
ਕਿ ਓਥੇ ਹਰ ਕੋਈ ਝਲਾੱ ਏ,
ਆ ਜਾ ਖੁਸ਼ੀ ਵਾਲੇ ਜ਼ਿਲੇ ਦੀ ਤਹਸੀਲੇ,

ਕਿ ਓਥੇ ਹਾਸੇ ਦਾ ਮਹੱਲਾ ਏ,
ਗਹਿਰੀਏ ਤੇ ਸ਼ਾਤ ਬੈਠੀ ਝੀਲੇ,
ਨੀ ਦੱਸ ਕਿਹੜਾ ਰੋਗ ਲੱਗਿਆ।

ਉੱਚੇ ਅੰਬਰਾਂ ਤੇ ਉਡਦੀ ਏ ਚੀਲੇ,
ਨੀ ਤੂੰ ਹੀ ਸਮਝਾ ਦੇ ਝੀਲ ਨੂੰ,
ਸ਼ਾਇਦ ਤਾਂ ਹੀ ਹੋਣ ਪਾਣੀ ਚਮਕੀਲੇ,
ਨੀ ਚੰਨ ਤੋਂ ਕਹਾ ਦੇ ਝੀਲ ਨੂੰ,
ਓ ਕਿਵੇਂ ਖਾਰੀ ਹੋ ਗਈਲ ਮਿੱਠੀਏ ਸ਼ਬੀਲੇ,
ਕਿ ਤੇਰੇ ਨਾਲ ਮਿਠਾਸ ਬਣਦੀ,
ਸਰਤਾਜ ਹੋਰੀ ਐਨੇ ਨੀ ਸੁਰੀਲੇ,
ਕਿ ਤੇਰੇ ਨਾਲ ਮਿਠਾਸ ਬਣਦੀ,
ਗਹਿਰੀਏ ਤੇ ਸ਼ਾਤ ਬੈਠੀ ਝੀਲੇ,
ਨੀ ਦੱਸ ਕਿਹੜਾ ਰੋਗ ਲੱਗਿਆ,
ਕਿਵੇਂ ਹੋ ਗਏ ਪਾਣੀ ਤੇਰੇ ਨੀਲੇ,
ਨੀ ਦੱਸ ਕੀ ਵਿਜੋਗ ਲੱਗਿਆ,
ਹਾਂ ਨੀ ਚੱਲੀ ਚੱਲ ਕਿਸੇ ਵੀ ਵਸੀਲੇ,
ਹੋ ਵੇਲਾ ਕੱਟ ਲੈ ਤੂੰ ਕਿਸੇ ਵੀ ਵਸੀਲੇ,
ਕਿ ਐਦਾਂ ਨਈਉ ਦਿੱਲ ਛੱਡੀਦਾ,
ਆਪੇ ਰੱਬ ਕਰੂ ਕੋਈ ਹੀਲੇ,
ਕਿ ਉਹਨੂੰ ਨਈ ਦਿਨਾਂ ਚੋਂ ਕੱਢੀਦਾ।

ਸਤਿੰਦਰ ਪਾਲ ਸਿੰਘ